# ਲੰਬੀ 'ਚ ਇਸ ਵਾਰ ਤਾਇਆ-ਭਤੀਜਾ ਹੋ ਸਕਦੇ ਹਨ ਆਹਮੋ-ਸਾਹਮਣੇ !



ਚੰਡੀਗੜ੍ਹ/ ਬਿਓਰੋ

ਬੀਤੇ ਦਿਨੀ ਮਨਪ੍ਰੀਤ ਸਿੰਘ ਬਾਦਲ ਨੇ ਆਪਣੇ ਤਾਇਆ ਜੀ ਸ. ਪਰਕਾਸ਼ ਸਿੰਘ ਬਾਦਲ ਵਿਰੁਧ ਚੋਣ ਲੜਨ ਦੀ ਇੱਛਾ ਪ੍ਰਗਟਾਉਂਦੇ ਹੋਏ ਕਿਹਾ ਸੀ ਕਿ ਜੇ ਹਾਈ ਕਮਾਨ ਇਜਾਜ਼ਤ ਦੇਵੇ ਤਾਂ ਉਹ ਮੁੱਖ ਮੰਤਰੀ ਵਿਰੁਧ ਚੋਣ ਲੜਨ ਲਈ ਤਿਆਰ ਹੈ। ਇਸ ਗੱਲ ਤੇ ਸਹਿਮਤ ਕਾਂਗਰਸ ਨੇ ਮਨਪ੍ਰੀਤ ਸਿੰਘ ਬਾਦਲ ਨੂੰ ਮੁੱਖ ਮੰਤਰੀ ਖਿਲਾਫ ਚੋਣ ਲੜਨ ਲਈ ਲਗਭਗ ਹਰੀ ਝੰਡੀ ਦੇ ਦਿਤੀ ਹੈ।

ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਮਨਪ੍ਰੀਤ ਬਾਦਲ ਦੀ ਇੱਛਾ ਦਾ ਧਿਆਨ ਰੱਖਦਿਆਂ ਕਿਹਾ ਕਿ ਉਹ ਸਿਰਫ ਮਨਪ੍ਰੀਤ ਬਾਦਲ ਦੀ ਇੱਛਾ ਹੀ ਪੂਰੀ ਨਹੀਂ ਕਰਨਗੇ ਸਗੋਂ ਉਨ੍ਹਾਂ ਦੀ ਜਿੱਤ ਯਕੀਨੀ ਬਣਾਉਣ ਲਈ ਪੂਰਾ ਜ਼ੋਰ ਲਗਾਉਣਗੇ। ਜੇ ਕਾਂਗਰਸ ਵੱਲੋਂ ਮਨਪ੍ਰੀਤ ਬਾਦਲ ਨੂੰ ਲੰਬੀ ਤੋਂ ਉਮੀਦਵਾਰ ਐਲਾਨਿਆਂ ਜਾਦਾ ਹੈ ਤਾਂ ਤਾਏ-ਭਤੀਜੇ ਦਾ ਆਹਮੋ-ਸਾਹਮਣੇ ਮੁਕਾਬਲਾ ਸਿਆਸਤ ਵਿੱਚ ਵੱਖਰੀ ਹੀ ਦਿਲਚਸਪੀ ਪੈਦਾ ਕਰੇਗਾ ਅਤੇ ਇਹ ਸਿਆਸੀ ਜੰਗ ਸਿਖਰ 'ਤੇ ਹੋਵੇਗੀ।

# ਏਕਨੂਰ ਖਾਲਸਾ ਫੌਜ ਦੇ ਮੁਖੀ ਸਾਬਕਾ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਵੱਲੋਂ ਵਿਧਾਨ ਸਭਾ ਚੋਣਾਂ ਦੌਰਾਨ ਅਕਾਲੀ ਦਲ ਦਾ ਪੂਰਨ ਭੋਗ ਪਾਉਣ ਦਾ ਸੱਦਾ

ਕੋਟ ਈਸੇ ਖਾਂ / ਐਮ.ਐਸ.ਨਿਓਜ਼. ਬਿਓਰੋ.



ਸ੍ਰੀ ਅਕਾਲ ਤਖਤ ਸਾਹਿਬ ਜੀ ਤੋਂ ਜਾਰੀ ਹੁਕਮਨਾਮਿਆਂ, ਸਿੱਖ ਰਹਿਤ ਮਰਿਯਾਦਾ ਨਾਲ ਸਬੰਧਿਤ ਮਸਲੇ, ਸਿੱਖ ਪੰਥ ਦੀ ਮੌਜੂਦਾ ਹਾਲਤ ਤੇ ਪਿਛਲੇ ਲੰਮੇ ਸਮੇਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਬੇਅਦਬੀ ਦੀਆਂ ਘਟਨਾਵਾਂ ਵਰਗੇ ਅਹਿਮ ਮਸਲਿਆਂ ਨੂੰ ਲੈ ਕੇ ਏਕਨੂਰ ਖਾਲਸਾ ਫੌਜ ਜ਼ਿਲ੍ਹਾ ਮੋਗਾ ਵੱਲੋਂ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਪ੍ਰਧਾਨ ਹਰਜਿੰਦਰ ਸਿੰਘ ਬਾਜੇਕੇ ਦੀ ਅਗਵਾਈ ਵਿਚ ਗੁਰਦੁਆਰਾ ਕਲਗੀਧਰ ਸਾਹਿਬ ਮਸੀਤਾਂ ਰੋਡ ਕੋਟ ਈਸੇ ਖਾਂ ਜ਼ਿਲ੍ਹਾ ਮੋਗਾ ਵਿਖੇ ਅਹਿਮ ਮੀਟਿੰਗ ਰੱਖੀ ਗਈ। ਇਸ ਮੀਟਿੰਗ ਵਿਚ ਤਖਤ ਸ਼੍ਰੀ ਦਮਦਮਾ ਸਾਹਿਬ ਜੀ ਦੇ ਸਾਬਕਾ ਜਥੇਦਾਰ ਅਤੇ ਏਕਨੂਰ ਖਾਲਸਾ ਫੌਜ ਦੇ ਸਰਪ੍ਰਸਤ ਗਿਆਨੀ ਬਲਵੰਤ ਸਿੰਘ ਨੰਦਗੜ੍ਹ ਨੇ ਵਿਸ਼ੇਸ਼ ਸ਼ਿਰਕਤ ਕੀਤੀ ਅਤੇ ਮੀਟਿੰਗ ਦੌਰਾਨ ਜ਼ਿਲ੍ਹਾ ਪ੍ਰਧਾਨ ਹਰਜਿੰਦਰ ਸਿੰਘ ਬਾਜੇਕੇ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਸਮੇਂ ਦੀਆਂ ਸਰਕਾਰਾਂ ਦੇ ਆਗੂਆਂ ਨੇ ਹਮੇਸ਼ਾਂ ਆਪਣੇ ਨਿੱਜੀ ਮੁਫਾਦਾਂ ਲਈ ਇਕ ਪਲੈਨਿੰਗ ਦੇ ਤਹਿਤ ਸਿੱਖਾਂ ਨੂੰ ਧਾਰਮਿਕ ਮਸਲਿਆਂ ਵਿਚ ਉਲਝਾ ਕੇ ਗੰਦੀ ਰਾਜਨੀਤੀ ਕੀਤੀ। ਜਿਸ ਕਾਰਨ ਪਿਛਲੇ ਸਮਿਆਂ ਦੌਰਾਨ ਜਿੱਥੇ ਸਿੱਖਾਂ ਦੇ ਹਿਰਦੇ ਵਲੂੰਧਰੇ ਗਏ ਉਥੇ ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਮਾਣ ਮਰਿਆਦਾ ਦਾ ਵੀ ਘਾਣ ਹੀ ਹੋਇਆ ਹੈ। ਇਸ ਲਈ ਸਾਰੇ ਪੰਥ ਦਰਦੀਆਂ ਨੂੰ ਸੁਚੇਤ ਰਹਿੰਦਿਆਂ ਇਕੱਠੇ ਹੋ ਕੇ ਚੱਲਣ ਦੀ ਲੋੜ ਹੈ ਤਾਂ ਜੋ ਸਾਡੇ ਸਿੱਖ ਨੌਜਵਾਨਾਂ ਦੀ ਜੁਆਨੀ ਅਤੇ ਆਪਣੇ ਵਿਰਸੇ ਦੀ ਸੰਭਾਲ ਕੀਤੀ ਜਾ ਸਕੇ। ਜਥੇਦਾਰ ਨੰਦਗੜ ਨੇ ਕਿਹਾ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ 'ਚ ਅਕਾਲੀ ਦਲ ਬਾਦਲ ਦਾ ਪੂਰ ਤੌਰ 'ਤੇ ਭੋਗ ਪਾ ਦਿਓ।

# ਸਰਕਾਰ ਉਡਤਾ ਪੰਜਾਬ ਫਿਲਮ ਤੇ ਪਾਬੰਧੀ ਲਾਉਣ ਦੀ ਗਲਤੀ ਨਾ ਕਰੇ - ਨਾਪਾ

ਜਲੰਧਰ / ਵਾਲੀਆ



ਸ. ਦਲਵਿੰਦਰ ਸਿੰਘ ਧੂਤ



ਸ. ਸਤਨਾਮ ਸਿੰਘ ਚਾਹਲ

ਨਾਰਥ ਅਮਰੀਕਨ ਪੰਜਾਬੀ ਐਸੋਸੀਏਸ਼ਨ (ਨਾਪਾ) ਨੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਹੈ ਕਿ ਸਰਕਾਰ ਪੰਜਾਬ ਵਿੱਚ ਨਸ਼ਿਆਂ ਦੀ ਸਮੱਸਿਆ ਬਾਰੇ ਚਾਰ ਸਾਲਾਂ ਦੀ ਖੋਜ਼ ਉਪਰੰਤ ਤਿਆਰ ਕੀਤੀ ਗਈ ਪੰਜਾਬੀ ਫਿਲਮ 'ਉਡਤਾ ਪੰਜਾਬ' 'ਤੇ ਪਾਬੰਦੀ ਨਾ ਲਗਾਵੇ। ਨਾਪਾ ਦਾ ਇਹ ਬਿਆਨ ਉਨ੍ਹਾਂ ਮੀਡੀਆ ਰਿਪੋਰਟਾਂ ਤੋਂ ਤੁਰੰਤ ਬਾਅਦ ਆਇਆ ਹ। ਜਿਨ੍ਹਾਂ ਵਿੱਚ ਖਦਸ਼ਾ ਪ੍ਰਗਟਾਇਆ ਗਿਆ ਸੀ ਕਿ ਪੰਜਾਬ ਸਰਕਾਰ ਇਸ ਫ਼ਿਲਮ 'ਤੇ ਪਾਬੰਦੀ ਲਗਾ ਸਕਦੀ ਹੈ। ਬਿਆਨ ਜਾਰੀ ਕਰਦਿਆ ਨਾਪਾ ਦੇ ਚੇਅਰਮੈਨ ਸ: ਦਲਵਿੰਦਰ ਸਿੰਘ ਧੂਤ ਤੇ ਕਾਰਜਕਾਰੀ ਡਾਇਰੈਕਟਰ ਸ. ਸਤਨਾਮ ਸਿੰਘ ਚਾਹਲ ਨੇ ਕਿਹਾ ਕਿ ਇਹ ਕੋਈ ਪਹਿਲੀ ਵਾਰ ਨਹੀਂ ਹੈ ਜਦੋਂ ਦਿਲਜੀਤ ਦੋਸ਼ਾਂਝ ਨੇ ਕਿਸੇ ਫਿਲਮ ਵਿੱਚ ਖਾਕੀ (ਪੰਜਾਬ ਪੁਲਿਸ) ਦਾ ਰੋਲ ਨਿਭਾਇਆ ਹੋਵੇ। ਪਰ ਪਿਛਲੇ ਰੁਝਾਨ ਦੇ ਉਲਟ ਇਸ ਫਿਲਮ ਵਿੱਚ ਪੰਜਾਬ ਪੁਲਿਸਮੈਨ ਦੀ ਭੂਮਿਕਾ ਹਕੀਕਤ ਦੇ ਜ਼ਿਆਦਾ ਨੇੜੇ ਹੈ, ਫ਼ਿਲਮ ਵਿੱਚ ਉਸ ਵੱਲੋਂ ਬੰਨ੍ਹੀ ਗਈ ਪੁਲਿਸ ਵਾਲੀ ਪੱਗ ਵੀ ਇਸ ਵਾਰ ਝਾਲਰ-ਰਹਿਤ ਹੈ। ਉਨ੍ਹਾਂ ਕਿਹਾ ਕਿ ਸੰਸਾਰ ਭਰ 'ਚ ਵਸਦੇ ਪੰਜਾਬੀ ਭਾਈਚਾਰੇ ਦਾ ਇਹ ਹੱਕ ਹੈ ਕਿ ਉਹ ਇਹ ਸਚਾਈ ਜਾਣੇ ਕਿ ਪੰਜਾਬ ਦੀ ਧਰਤੀ 'ਤੇ ਕੀ ਹੋ ਰਿਹਾ ਹੈ, ਜਿਵੇਂ ਕਿ ਸਾਡੇ ਨੌਜਵਾਨ ਨਸ਼ਿਆਂ ਤੋਂ ਪ੍ਰਭਾਵਿਤ ਹਨ ਅਤੇ ਪੰਜਾਬ ਵਿਚ ਪੰਜਾਬ ਵਿਰੋਧੀ ਤਾਕਤਾਂ ਸ਼ਕਤੀਆਂ ਵਲੋਂ ਕਿਸ ਤਰਾਂ ਪੰਜਾਬ ਤੇ ਪੰਜਾਬ ਦੇ ਲੋਕਾਂ ਨੂੰ ਤਬਾਹ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਖ਼ਤ ਮਿਹਨਤ ਨਾਲ ਤਿਆਰ ਕੀਤੀ ਉਸਾਰੂ ਉਦੇਸ਼ ਵਾਲੀ ਫਿਲਮ 'ਤੇ ਪਾਬੰਦੀ ਲਗਾ ਕੇ ਡਾਇਰੈਕਟਰ ਦੀ ਮਿਹਨਤ ਨੂੰ ਬਰਬਾਦ ਨਹੀਂ ਕਰਨਾ ਚਾਹੀਦਾ। ਨਾਪਾ ਆਗੂਆਂ ਨੇ ਸਰਕਾਰ ਨੂੰ ਜ਼ੋਰਦਾਰ ਅਪੀਲ ਕਰਦਿਆਂ ਕਿਹਾ ਕਿ ਕਿਸੇ ਵੀ ਕੀਮਤ ਤੇ ਸਰਕਾਰ ਇਸ ਫਿਲਮ ਲਗਾਉਣ ਦੀ ਗਲਤੀ ਨਾ ਕਰੇ।

# ਸ਼ਹੀਦ ਭਗਤ ਸਿੰਘ ਦਾ ਅਪਮਾਨ ਕਰਨ 'ਤੇ ਨੈਤਿਕਤਾ ਦੇ ਅਧਾਰ ਤੇ ਅਸਤੀਫਾ ਦੇਵੇ ਸਮ੍ਰਿਤੀ ਇਰਾਨੀ : ਗੁਰਪ੍ਰੀਤ ਘੁੱਗੀ



ਚੰਡੀਗੜ੍ਹ/ ਗੁਰਮੀਤ ਸਿੰਘ ਸਿਰਸਾ

ਦਿੱਲੀ ਯੂਨੀਵਰਸਿਟੀ ਦੀ ਇਤਿਹਾਸ ਦੇ ਵਿਸ਼ੇ ਦੀ ਇਕ ਕਿਤਾਬ, ਜਿਸ ਦੇ 20ਵੇਂ ਅਧਿਆਇ ਵਿਚ ਭਗਤ ਸਿੰਘ ਨੂੰ 'ਅੱਤਵਾਦੀ' ਲਿਖਿਆ ਗਿਆ ਹੈਂਜਿਸ 'ਤੇ ਪੈਦਾ ਹੋਏ ਵਿਵਾਦ ਤੋਂ ਬਾਅਦ ਪ੍ਰਸ਼ਾਸਨ ਨੇ ਇਸ ਕਿਤਾਬ ਦੇ ਹਿੰਦੀ ਅਨੁਵਾਦ ਦੀ ਵਿਕਰੀ ਅਤੇ ਸਪਲਾਈ ਨੂੰ ਰੋਕ ਦਿੱਤਾ ਹੈ। ਪਰ ਸ਼ਹੀਦ-ਏ-ਆਜ਼ਮ ਭਗਤ ਸਿੰਘ ਨੂੰ ਅੱਤਵਾਦੀ ਲਿਖਣ ਵਾਲਿਆਂ ਦੇ ਖਿਲਾਫ ਕੋਈ ਕਾਰਵਾਈ ਨਾ ਹੋਣ ਕਾਰਨ ਆਮ ਆਦਮੀ ਪਾਰਟੀ ਦੇ ਨੇਤਾ ਗੁਰਪ੍ਰੀਤ ਸਿੰਘ ਘੁੱਗੀ ਨੇ ਕਿਹਾ ਕਿ ਕੇਂਦਰੀ ਸਿੱਖਿਆ ਮੰਤਰੀ ਸਮ੍ਰਿਤੀ ਇਰਾਨੀ ਨੂੰ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦੇਣਾ ਚਾਹੀਦਾ ਹੈ।

ਪੰਜਾਬ ਅਤੇ ਕੇਂਦਰ ਸਰਕਾਰਾਂ ਤੇ ਵਰ੍ਹਦਿਆਂ ਘੁੱਗੀ ਨੇ ਕਿਹਾ ਕਿ ਦੇਸ਼ ਲਈ ਜਾਨ ਕੁਰਬਾਨ ਕਰ ਦੇਣ ਵਾਲਿਆਂ ਨੂੰ ਬਣਦਾ ਸਨਮਾਨ ਨਹੀਂ ਦਿੱਤਾ ਜਾਦਾ ਸਗੋਂ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਸ਼ਹੀਦ ਹੋਣ ਵਾਲਿਆਂ ਦੇ ਨੂੰ ਅੱਤਵਾਦੀ ਲਿਖ ਕੇ ਉਨ੍ਹਾਂ ਦਾ ਅਪਮਾਨ ਕੀਤਾ ਜਾਦਾ ਹੈ ਅਤੇ ਉਨ੍ਹਾਂ ਦੇ ਪਰਿਵਾਰ ਦਰ-ਦਰ ਠੋਕਰਾਂ ਖਾਣ ਲਈ ਮਜਬੂਰ ਹੋ ਗਏ ਹਨ।

ਘੁੱਗੀ ਨੇ ਕਿਹਾ, "ਹੈਰਾਨੀ ਦੀ ਗੱਲ ਹੈ ਕਿ 68 ਸਾਲ ਬੀਤ ਜਾਣ ਤੋਂ ਬਾਅਦ ਵੀ ਦੇਸ਼ ਦੇ ਸ਼ਹੀਦੀ ਦੇਣ ਵਾਲਿਆਂ ਦੇ ਨਾਮ ਸ਼ਹੀਦਾਂ ਦੀ ਸੂਚੀ ਵਿਚ ਦਰਜ ਨਹੀਂ ਕੀਤੇ ਗਏ। ਆਪਣੇ ਹੀ ਦੇਸ਼ ਦੀਆਂ ਸਰਕਾਰਾਂ ਵਲੋਂ ਸ਼ਹੀਦਾਂ ਦੀ ਸਾਰ ਨਾ ਲੈਣਾ ਇੱਕ ਘਿਣੌਣਾ ਕਾਰਜ ਹੈ। ਉਨ੍ਹਾਂ ਕਿਹਾ ਕਿ ਜੇਕਰ ਸ਼ਹੀਦ-ਏ-ਆਜ਼ਮ ਇੱਕ ਅੱਤਵਾਦੀ ਸਨ ਤਾਂ ਕੇਂਦਰ ਸਰਕਾਰ ਨੇ ਉਨ੍ਹਾਂ ਦਾ ਬੁੱਤ ਭਾਰਤ ਦੀ ਸੰਸਦ ਵਿਚ ਕਿਉਂ ਲਗਾਇਆ ਹੋਇਆ ਹੈ? ਉਨ੍ਹਾਂ ਕਿਹਾ ਕਿ ਦਿੱਲੀ ਯੂਨਿਵਰਸਿਟੀ ਦੀਆਂ ਜਿੰਨਾਂ ਕਿਤਾਬਾਂ ਵਿਚ ਭਗਤ ਸਿੰਘ ਨੂੰ ਅੱਤਵਾਦੀ ਕਿਹਾ ਗਿਆ ਹੈ ਉਨ੍ਹਾਂ ਨੂੰ ਬਿਨਾਂ ਕਿਸੇ ਦੇਰੀ ਦੇ ਹਟਾ ਕੇ ਇਸ ਕੰਮ ਲਈ ਜ਼ਿੰਮੇਵਾਰ ਵਿਅਕਤੀਆਂ ਖਿਲਾਫ ਕਾਰਵਾਈ ਕਰਨੀ ਚਾਹੀਦੀ ਹੈ।

# 4 ਲੱਖ ਰੁਪਏ 'ਤੇ ਵੇਚਿਆ ਜਾ ਰਿਹਾ ਹੈਲੀਕਾਪਟਰ

ਪਠਾਨਕੋਟ/ ਬਿਓਰੋ:

ਏਅਰਫੋਰਸ ਸਟੇਸ਼ਨ ਤੇ ਅੱਤਵਾਦੀ ਹਮਲੇ ਦੇ ਬਾਅਦ ਇੱਕ ਕਵਾੜ ਦੀ ਦੁਕਾਨ 'ਤੇ ਵੇਚਨ ਦੇ ਲਈ ਰੱਖਿਆਂ ਹੈਲੀਕਾਪਟਰ ਪਿਛਲੇ ਦਿਨੀ ਚਰਚਾ ਦਾ ਵਿਸ਼ਾ ਬਣਿਆਂ ਰਿਹਾ ਹੈ। ਕਬਾੜੀਏ ਨੇ ਇਸ ਦੀ ਕੀਮਤ 3 ਤੋਂ 4 ਲੱਖ ਤਹਿ ਕੀਤੀ ਹੋਈ ਸੀ। ਜ਼ਿਕਰਯੋਗ ਹੈ ਕਿ ਕਬਾੜੀਏ ਨੇ ਚੰਡੀਗੜ੍ਹ 'ਚ ਹੋਈ ਬੋਲੀ ਵਿਚੋਂ ਦੋ ਹੈਲੀਕਾਪਟਰ ਕਵਾੜ ਦੇ ਭਾਅ ਵਿੱਚ ਖਰੀਦੇ ਸਨ।

ਇਹ ਇੱਕ ਹੈਲੀਕਾਪਟਰ ਸਿਰਫ ਮਾਡਲ ਤਿਆਰ ਕੀਤਾ ਹੈ। ਇਸ ਹੈਲੀਕਾਪਟਰ ਮਾਡਲ ਵਿੱਚ 95% ਅਲਮੀਨੀਅਮ ਅਤੇ 05% ਫਾਈਬਰ ਹੈ। ਇਹ ਹੈਲੀਕਾਪਟਰ ਪ੍ਰਤਾਪ ਵਰਲਡ ਸਕੂਲ ਨੇ ਖਰੀਦਿਆਂ ਹ। ਇਸ ਵਿੱਚ ਸੀਟਾ ਦਾ ਅਤੇ ਰੰਗ ਰੋਗਣ ਦਾ ਪ੍ਰਬੰਧ ਕਰਕੇ ਇਹ ਚਿੱਤਰਕਾਰੀ ਮਾਡਲ ਸਕੂਲ ਦੇ ਬੱਚੇ ਨੂੰ ਦਿਖਾਉਣ ਲਈ ਬਣਾਇਆ ਹੈ।

ਸਾਡੇ ਕੋਲ ਖਬਰ ਪਹੁੰਚਣ ਤੱਕ ਉਨ੍ਹਾਂ ਵਿਚੋਂ ਦੂਜੇ ਹੈਲੀਕਾਪਟਰ ਨੂੰ ਖਰੀਦਣ ਲਈ ਵਪਾਰੀਆਂ ਦੀ ਆਪਸ ਵਿੱਚ ਇੱਕ ਦੌੜ ਲੱਗੀ ਹੋਈ ਸੀ। ਰੇਟ ਤਹਿ ਨਾ ਹੋਣ ਕਾਰਨ ਦੂਜਾ ਹੈਲੀਕਾਪਟਰ ਕਬਾੜੀਏ ਦੀ ਦੁਕਾਨ ਤੇ ਹੀ ਪਿਆ ਸੀ। ਹੋਰ ਜ਼ਿਲਿਆ ਅਤੇ ਹੋਰ ਰਾਜਾ ਤੋਂ ਇਸ ਹੈਲੀਕਾਪਟਰ ਖਰੀਦਣ ਦੇ ਚਾਹਵਾਨ ਆ ਰਹੇ ਸਨ।

# ਐਡਵੋਕੇਟ ਹਰਪ੍ਰੀਤ ਸਿੰਘ ਬਰਾੜ ਉਰਫ਼ ਰਾਜਨ ਦੂਜੀ ਵਾਰ ਪੰਜਾਬ ਤੇ ਹਰਿਆਣਾ ਹਾਈਕੋਰਟ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਬਣੇ



ਚੰਡੀਗੜ / ਡਾ. ਮਨਜੀਤ ਸਿੰਘ ਸਰਾਂ

ਪੰਜਾਬ ਤੇ ਹਰਿਆਣਾ ਹਾਈਕੋਰਟ ਬਾਰ ਐਸੋਸੀਏਸ਼ਨ ਦੀ ਚੋਣ ਵਿਚ ਲਗਾਤਾਰ ਦੂਸਰੀ ਵਾਰ ਐਡਵੋਕੇਟ ਹਰਪ੍ਰੀਤ ਸਿੰਘ ਬਰਾੜ ਉਰਫ਼ ਰਾਜਨ ਨੇ ਪ੍ਰਧਾਨ ਦੇ ਅਹੁਦੇ ਤੇ ਕਬਜ਼ਾ ਜਮਾਇਆ ਹੈ। ਪ੍ਰਧਾਨ ਅਹੁਦੇ ਲਈ ਚਾਰ ਉਮੀਦਵਾਰ ਮੈਦਾਨ ਵਿਚ ਸਨ ਤੇ ਬਰਾੜ ਨੂੰ ਸਭ ਤੋਂ ਵੱਧ 1883 ਵੋਟਾਂ ਮਿਲੀਆਂ। ਉਨ੍ਹਾਂ ਦੇ ਮੁਕਾਬਲੇ ਵਿਚ ਖੜ੍ਹੇ ਸੀਨੀਅਰ ਐਡਵੋਕੇਟ ਵੀ.ਕੇ. ਜੈਨ ਨੂੰ 710, ਤਾਹਰ ਸਿੰਘ ਨੂੰ 638 ਤੇ ਨਿਰਭੈ ਸਿੰਘ ਗਰਗ ਨੂੰ 447 ਵੋਟਾਂ ਮਿਲੀਆਂ।

ਵਾਈਸ ਪ੍ਰੈਜ਼ੀਡੈਂਟ ਪਦ ਤੇ ਜਗਜੋਤ ਸਿੰਘ ਲਾਲੀ ਨੇ ਬਾਜ਼ੀ ਮਾਰੀ ਅਤੇ ਉਨ੍ਹਾਂ ਨੂੰ 1877 ਵੋਟਾਂ ਮਿਲੀਆਂ। ਅੰਤਰ ਸਿੰਘ ਬਰਾੜ 401 ਹਾਸਿਲ ਕਰਕੇ ਤੀਸਰੇ ਸਥਾਨ ਤੇ ਰਹੇ। ਸਕੱਤਰ ਦੇ ਅਹੁਦੇ ਤੇ ਦੋ ਉਮੀਦਵਾਰਾਂ ਚਾਂ ਟੱਕਰ ਸੀ ਤੇ ਇਸ ਵਿਚ ਸੁਰਿੰਦਰ ਸਿੰਘ ਟਿੰਨਾ ਨੇ 2117 ਵੋਟਾਂ ਹਾਸਿਲ ਕਰਕੇ ਜਿੱਤ ਹਾਸਿਲ ਕੀਤੀ। ਜਦਕਿ ਉਨ੍ਹਾਂ ਦੇ ਵਿਰੋਧੀ ਉਮੀਦਵਾਰ ਮਨੀਸ਼ ਕੁਮਾਰ ਸਿਗਲਾ ਨੂੰ 1422 ਵੋਟਾਂ ਹਾਸਿਲ ਹੋਈਆਂ।

ਜੁਆਇੰਟ ਸੈਕਟਰੀ ਪਦ 'ਤੇ ਸਖ਼ਤ ਟੱਕਰ ਹੋਈ ਤੇ ਦੀਪਸ਼ਿਖਾ ਅਰੋੜਾ ਨੇ 1536 ਵੋਟਾਂ ਹਾਸਿਲ ਕਰਕੇ ਬਾਜ਼ੀ ਮਾਰੀ, ਜਦਕਿ ਉਨ੍ਹਾਂ ਦੀ ਵਿਰੋਧੀ ਉਮੀਦਵਾਰ ਨੀਤੂ ਸਿੰਘ ਨੂੰ 1222 ਤੇ ਨੀਲਮ ਦੇਵੀ ਚੌਧਰੀ 874 ਵੋਟਾਂ ਮਿਲੀਆਂ। ਟ੍ਰੇਜਰਰ ਅਹੁਦੇ 'ਤੇ ਭੁਪਿੰਦਰ ਸਿੰਘ ਰੰਧਾਵਾ ਜੇਤੂ ਰਹੇ, ਉਨ੍ਹਾਂ ਨੂੰ ਕੁੱਲ 2478 ਵੋਟਾਂ ਮਿਲੀਆਂ, ਜਦਕਿ ਉਨ੍ਹਾਂ ਦੇ ਵਿਰੋਧੀ ਉਮੀਦਵਾਰ ਸ਼ਿਵੋਯ ਧੀਰ ਨੂੰ 1198 ਵੋਟਾਂ ਮਿਲੀਆਂ।

ਕੁੱਲ 4495 ਵੋਟਰ ਵਕੀਲਾਂ ਵਿਚੋਂ 3736 ਨੇ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕੀਤੀ। ਜਿੱਤ ਹਾਸਿਲ ਕਰਨ ਤੋਂ ਬਾਅਦ ਬਰਾੜ ਨੇ ਕਿਹਾ ਕਿ ਹਾਈਕੋਰਟ ਦੇ ਟ੍ਰਾਂਸਫਰ ਵਿਚ ਸੁਧਾਰ ਤੇ ਹੋਰ ਗਰੁੱਪ ਹਾਊਸਿੰਗ ਸਕੀਮ ਨੂੰ ਅੱਗੇ ਵਧਾਉਣ ਤੇ ਕੰਮ ਕੀਤਾ ਜਾਵੇਗਾ।